بِسۡمِ اللّٰہِ الرَّحۡمٰنِ الرَّحِیۡمِ        نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ        وَعَلٰی عَبۡدِہِ الۡمَسِیۡحِ الۡمَوۡعُوۡد
لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in        ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਫ਼ਤਹਿ ਮੱਕਾ ਦੇ ਬਾਅਦ ਕੁੱਝ ਮੁਹਿੰਮਾਂ ਅਤੇ ਗ਼ਜ਼ਵਾ ਤਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 10 ਅਕਤੂਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਫ਼ਤਹਿ ਮੱਕਾ ਦੇ ਬਾਅਦ, ਮਦੀਨੇ ਵਾਪਿਸ ਆਉਣ ਦੇ ਬਾਅਦ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਕੁੱਝ **ਮੁਹਿੰਮਾਂ** ਪੇਸ਼ ਆਈਆਂ, ਜਿਨ੍ਹਾਂ ਦਾ ਮੈਂ ਜ਼ਿਕਰ ਕਰਾਂਗਾ।

ਇੱਕ ਜ਼ਿਕਰ ਹੈ ਸਿਰਿੱਯਾ ਕ਼ੈਸ ਬਿਨ ਸਅਦ ਬਿਨ ਉਬਾਦਾ ਰਜ਼ਿ ਅੱਲਾਹੁ ਅਨਹੁ ਦਾ। ਇਹ ਸਨ 08 ਹਿਜਰੀ ਵਿੱਚ ਹੋਇਆ। ਜਦ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ **ਜਿਅਰਾਨਾ** ਤੋਂ ਮਦੀਨਾ ਵਾਪਿਸ ਆਏ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਸਲਾਮ ਦੀ ਦਾਅਵਤ ਦੇ ਲਈ ਵੱਖ-ਵੱਖ ਇਲਾਕ਼ਿਆਂ ਵੱਲ ਫ਼ੌਜਾਂ ਰਵਾਨਾ ਕੀਤੀਆਂ। ਚੁਨਾਂਚਿ ਹਜ਼ਰਤ ਮੁਹਾਜਿਰ ਬਿਨ ਅਬੀ ਉਮੱਯਾ ਰਜ਼ਿ ਅੱਲਾਹੁ ਅਨਹੁ ਨੂੰ ਸਨਆ ਦੇ ਵੱਲ ਅਤੇ ਹਜ਼ਰਤ ਜ਼ਿਯਾਦ ਬਿਨ ਵਲੀਦ ਰਜ਼ਿ ਅੱਲਾਹੁ ਅਨਹੁ ਨੂੰ **ਹਜ਼ਰਮੌਤ** ਵੱਲ ਰਵਾਨਾ ਕੀਤਾ ਅਤੇ ਇੱਕ ਫ਼ੌਜ ਤਿਆਰ ਕੀਤੀ ਜਿਸ ਦਾ ਸਰਦਾਰ ਕ਼ੈਸ ਬਿਨ ਸਅਦ ਰਜ਼ਿ ਅੱਲਾਹੁ ਅਨਹੁ ਨੂੰ ਨਿਯੁਕਤ ਕੀਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਕ਼ੈਸ ਬਿਨ ਸਅਦ ਰਜ਼ਿ ਅੱਲਾਹੁ ਅਨਹੁ ਨੂੰ 400 ਆਦਮੀਆਂ ਦੇ ਨਾਲ਼ ਰਵਾਨਾ ਕੀਤਾ ਤਾਂ ਜੋ **ਯਮਨ** ਦੇ ਕ਼ਬੀਲੇ ਸਦਾਅ ਨੂੰ ਇਸਲਾਮ ਦੀ ਦਾਵਤ ਦੇਣ। ਹਜ਼ਰਤ ਕ਼ੈਸ ਬਿਨ ਸਅਦ ਰਜ਼ਿ ਅੱਲਾਹੁ ਅਨਹੁ ਖ਼ਜ਼ਰਜ ਦੇ ਸਰਦਾਰ ਹਜ਼ਰਤ ਸਅਦ ਬਿਨ ਉਬਾਦਾ ਰਜ਼ਿ ਅੱਲਾਹੁ ਅਨਹੁ ਦੇ ਬੇਟੇ ਸਨ। ਇਹ ਬਹੁਤ ਉਮਦਾ ਰਾਏ ਦੇਣ ਵਾਲ਼ੇ ਅਤੇ ਬਹਾਦੁਰ ਘੋੜ ਸਵਾਰ ਸਮਝੇ ਜਾਂਦੇ ਸਨ। ਦਾਨ ਪੁੰਨ ਵਿੱਚ ਵੀ ਬਹੁਤ ਮਸ਼ਹੂਰ ਸਨ। ਆਪ ਰਜ਼ਿ ਅੱਲਾਹੁ ਅਨਹੁ **ਕਨਾਹ** ਵਿੱਚ ਪੜਾਅ ਕੀਤੇ ਹੋਏ ਸਨ ਕਿ ਕ਼ਬੀਲਾ ਸਦਾਅ ਦੇ ਇੱਕ ਸ਼ਖ਼ਸ ਜ਼ਿਯਾਦ ਬਿਨ ਹਾਰਿਸ ਰਜ਼ਿ ਅੱਲਾਹੁ ਅਨਹੁ ਦਾ ਇੱਧਰ ਲੰਘਣਾ ਹੋਇਆ। ਇਹ ਕੁੱਝ ਅਰਸੇ ਪਹਿਲਾਂ ਮੁਸਲਮਾਨ ਹੋ ਚੁੱਕੇ ਸਨ। ਜਦ ਉਨ੍ਹਾਂ ਨੂੰ ਇਲਮ ਹੋਇਆ ਕਿ ਇਹ ਫ਼ੌਜ ਉਨ੍ਹਾਂ ਦੇ ਕ਼ਬੀਲੇ 'ਤੇ ਹਮਲਾ ਕਰਨ ਜਾ ਰਹੀ ਹੈ ਤਾਂ ਉੱਥੋਂ ਉਹ ਸਿੱਧਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਏ ਅਤੇ **ਦਰਖ਼ਾਸਤ** ਕੀਤੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਜਿਹੜੀ ਫ਼ੌਜ ਭੇਜੀ ਹੈ, ਉਹ ਵਾਪਿਸ ਬੁਲਵਾ ਲਓ, ਮੈਂ ਆਪਣੀ ਕ਼ੌਮ ਦੀ **ਜ਼ਮਾਨਤ** ਦਿੰਦਾ ਹਾਂ ਅਤੇ ਉਸ ਦੇ ਕ਼ਬੂਲਿ ਇਸਲਾਮ ਦਾ ਵੀ ਵਾਅਦਾ ਕਰਦਾ ਹਾਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਸ ਦੀ ਗੱਲ ਕ਼ਬੂਲ ਕਰਦੇ ਹੋਏ ਫ਼ੌਜ ਨੂੰ ਵਾਪਿਸ ਬੁਲਵਾ ਲਿਆ। ਇਸਦੇ ਬਾਅਦ ਜਦੋਂ ਉਨ੍ਹਾਂ ਨੇ ਹੌਲ਼ੀ ਹੌਲ਼ੀ ਤਬਲੀਗ਼ ਕੀਤੀ ਤਾਂ ਉਨ੍ਹਾਂ ਨੇ ਇਸਲਾਮ ਵੀ ਕ਼ਬੂਲ ਕਰ ਲਿਆ। ਕਿਉਂਕਿ ਹਮਲਾ ਕਰਨਾ ਅਤੇ **ਜ਼ਬਰਦਸਤੀ** ਮੁਸਲਮਾਨ ਬਣਾਉਣਾ ਤਾਂ ਇਸਲਾਮ ਦੀ **ਤਾਅਲੀਮ** ਦੇ ਵੀ ਖ਼ਿਲਾਫ਼ ਹੈ ਅਤੇ **ਸੁੰਨਤਿ ਨਬਵੀ** ਦੇ ਵੀ

ਖ਼ਿਲਾਫ਼ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ਿਯਾਦ ਰਜ਼ਿ ਅੱਲਾਹੁ ਅਨਹੁ ਨੂੰ ਹੀ ਉਨ੍ਹਾਂ ਦਾ **ਸਰਦਾਰ** ਬਣਾ ਦਿੱਤਾ।

ਸਿਰਿੱਯਾ ਹਜ਼ਰਤ ਉਯੈਨਾ ਬਿਨ ਹਿਸ੍ਨ ਫ਼ਜ਼ਾਰੀ। ਇਹ ਸਿਰਿੱਯਾ ਮੁਹੱਰਮ 09 ਹਿਜਰੀ ਵਿੱਚ ਬਨੂ ਤਮੀਮ ਦੇ ਵੱਲ ਹੋਇਆ। ਇਸ ਦਾ **ਪਿਛੋਕੜ** ਇਹ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਬਿਸ਼੍ਰ ਬਿਨ ਸੁਫ਼ਯਾਨ ਰਜ਼ਿ ਅੱਲਾਹੁ ਅਨਹੁ ਨੂੰ ਬਨੂ ਕਅਬ ਵੱਲ ਸਦਕ਼ਾਤ ਯਾਨੀ **ਜ਼ਕਾਤ** ਦੀ ਵਸੂਲੀ ਦੇ ਲਈ ਭਿਜਵਾਇਆ। ਹਜ਼ਰਤ ਬਿਸ਼੍ਰ ਰਜ਼ਿ ਅੱਲਾਹੁ ਅਨਹੁ ਦੇ ਹੁਕਮ ‘ਤੇ ਬਨੂ ਖ਼ੁਜ਼ਾਆ ਦਾ ਮਾਲ ਹਰ ਪਾਸਿਓਂ ਉਨ੍ਹਾਂ ਦੇ ਕੋਲ਼ ਜਮ੍ਹਾ ਹੋਣ ਲੱਗਾ। ਬਨੂ ਤਮੀਮ, ਜਿਹੜੇ ਮੁਸਲਮਾਨ ਨਹੀਂ ਸਨ, ਉਨ੍ਹਾਂ ਨੂੰ ਮਾਲ ਬਹੁਤ ਜ਼ਿਆਦਾ ਲੱਗਿਆ ਤਾਂ ਉਹ ਕਹਿਣ ਲੱਗੇ ਕਿ ਇਹ ਕਿਉਂ ਨਾ ਹੱਕ਼ ਸਾਡੇ ਮਾਲ ਲੈ ਰਿਹਾ ਹੈ? ਅਤੇ ਆਪਣੀਆਂ **ਤਲਵਾਰਾਂ** ਕੱਢ ਲਈਆਂ। ਝਗੜੇ ਅਤੇ ਜੰਗ ਦੀ ਹਾਲਤ ਨੂੰ ਦੇਖ ਕੇ ਹਜ਼ਰਤ ਬਿਸ਼੍ਰ ਰਜ਼ਿ ਅੱਲਾਹੁ ਅਨਹੁ ਬਗ਼ੈਰ ਕਿਸੇ ਕ਼ਿਸਮ ਦੀ ਵਸੂਲੀ ਦੇ ਉੱਥੋਂ ਵਾਪਿਸ ਚਲੇ ਆਏ ਅਤੇ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ **ਹਾਲਾਤਾਂ** ਤੋਂ ਆਗਾਹ ਕੀਤਾ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਉਯੈਨਾ ਬਿਨ ਹਿਸ੍ਨ ਰਜ਼ਿ ਅੱਲਾਹੁ ਅਨਹੁ ਨੂੰ 50 ਅਰਬੀ ਘੋੜ ਸਵਾਰਾਂ ਦੇ ਨਾਲ਼ ਬਨੂ ਤਮੀਮ ਵੱਲ ਰਵਾਨਾ ਕੀਤਾ। ਆਪ ਰਜ਼ਿ ਅੱਲਾਹੁ ਅਨਹੁ ਆਪਣੇ ਸਾਥੀਆਂ ਦੇ ਨਾਲ਼ ਉਸ **ਰੇਗਿਸਤਾਨ** ਵਿੱਚ ਪਹੁੰਚ ਗਏ ਜਿੱਥੇ ਬਨੂ ਤਮੀਮ ਰਹਿੰਦੇ ਸਨ ਅਤੇ ਆਪਣੇ ਮਾਲ ਡੰਗਰ ਚਰਾ ਰਹੇ ਸਨ। ਜਦ ਬਨੂ ਤਮੀਮ ਨੇ ਇਸ ਫ਼ੌਜ ਨੂੰ ਦੇਖਿਆ ਤਾਂ ਸਭ ਕੁੱਝ ਛੱਡ ਕੇ ਉੱਥੋਂ ਭੱਜ ਗਏ। ਉਨ੍ਹਾਂ ਦੇ 11 ਮਰਦ, 11 ਔਰਤਾਂ ਅਤੇ 30 ਬੱਚੇ ਕ਼ੈਦ ਹੋਏ, ਜਿਨ੍ਹਾਂ ਨੂੰ ਉਹ ਮਦੀਨੇ ਲੈ ਆਏ ਅਤੇ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹੁਕਮ ਦੇ ਮੁਤਾਬਿਕ਼ ਹਜ਼ਰਤ ਰਮਲਾ ਬਿਨਤ ਹਾਰਿਸ ਰਜ਼ਿ ਅੱਲਾਹੁ ਅਨਹਾ ਦੇ ਘਰ ਠਹਿਰਾ ਦਿੱਤਾ ਗਿਆ।

ਬਾਅਦ ਵਿੱਚ ਬਨੂ ਤਮੀਮ ਦੇ 80 ਜਾਂ 90 **ਮੁਅਤਬਿਰ** ਵਿਅਕਤੀਆਂ ਦਾ ਇੱਕ ਗਿਰੋਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ। ਉਸ ਗਿਰੋਹ ਵਿਚ ਉਨ੍ਹਾਂ ਦੇ ਕ਼ਬੀਲੇ ਦੇ ਕੁੱਝ ਉਮਦਾ **ਸ਼ਾਇਰ** ਅਤੇ **ਭਾਸ਼ਣ ਦੇਣ ਵਾਲ਼ੇ** ਵੀ ਸ਼ਾਮਿਲ ਸਨ। ਗਿਰੋਹ ਦੇ ਸਰਦਾਰ ਨੇ ਕਿਹਾ ਕਿ **ਸ਼ੇਰ-ਓ-ਸ਼ਾਇਰੀ** ਅਤੇ **ਭਾਸ਼ਣ** ਵਿੱਚ ਅਸੀਂ ਤੁਹਾਡੇ ਤੋਂ ਫ਼ਖ਼ਰ ਚਾਹੁੰਦੇ ਹਾਂ ਯਾਨੀ **ਭਾਸ਼ਣ** ਅਤੇ **ਸ਼ਿਅਰ** ਵਿੱਚ ਸਾਡੇ ਨਾਲ਼ ਮੁਕ਼ਾਬਲਾ ਕਰ ਲਵੋ ਕਿ ਕਿਸ ਕ਼ੌਮ ਦਾ ਭਾਸ਼ਣ ਦੇਣ ਵਾਲ਼ਾ ਅਤੇ ਸ਼ਾਇਰ ਜ਼ਿਆਦਾ ਉਮਦਾ ਹੈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਸ਼ਿਅਰ ਅਤੇ ਬਿਆਨ ਵਿੱਚ ਫ਼ਖ਼ਰ ਮੇਰੇ ਆਉਣ ਦਾ **ਮਕ਼ਸਦ** ਨਹੀਂ ਹੈ, ਮੇਰਾ ਮਕ਼ਸਦ ਤਾਂ ਅੱਲਾਹ ਤਆਲਾ ਵੱਲ ਬੁਲਾਉਣਾ ਹੈ। ਪਰ ਤੁਹਾਡੇ ਆਉਣ ਦਾ ਇਹੀ ਮਕ਼ਸਦ ਹੈ ਤਾਂ ਆਪਣੇ **ਫ਼ਨ** ਦਾ ਮੁਜ਼ਾਹਿਰਾ ਕਰੋ, ਅਸੀਂ ਇਸ ਦਾ ਜਵਾਬ ਦੇ ਦੇਵਾਂਗੇ। ਮੁਕ਼ਾਬਲੇ ਦੇ ਬਾਅਦ ਅਕ਼ਰਅ ਬਿਨ ਹਾਬਿਸ, ਜਿਹੜੇ ਇਸ ਗਿਰੋਹ ਦੇ ਨਾਲ਼ ਆਏ ਸਨ, ਉਨ੍ਹਾਂ ਨੇ ਆਪਣੇ ਸਾਥੀਆਂ ਦੇ ਸਾਹਮਣੇ **ਬੇ-ਇਖ਼ਤਿਆਰ** ਟਿੱਪਣੀ ਕੀਤੀ ਕਿ ਇਨ੍ਹਾਂ ਦਾ ਭਾਸ਼ਣ ਦੇਣ ਵਾਲ਼ਾ ਸਾਡੇ ਭਾਸ਼ਣ ਦੇਣ ਵਾਲ਼ੇ ਤੋਂ ਵਧ ਕੇ ਹੈ ਅਤੇ ਇਨ੍ਹਾਂ ਦਾ ਸ਼ਾਇਰ ਸਾਡੇ ਸ਼ਾਇਰ ਤੋਂ ਕਿਤੇ ਜ਼ਿਆਦਾ ਉਮਦਾ ਹੈ, ਇਹ ਸਾਡੇ ਤੋਂ ਬਹੁਤ ਅੱਗੇ ਹਨ। ਫਿਰ ਜਦ ਲੋਕ ਵਿਹਲੇ ਹੋ ਗਏ ਤਾਂ ਉਨ੍ਹਾਂ ਨੇ ਇਸਲਾਮ ਕ਼ਬੂਲ ਕਰ ਲਿਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਬਨੂ ਤਮੀਮ ਦੇ ਇਸਲਾਮ ਕ਼ਬੂਲ ਕਰ ਲੈਣ ਦੇ ਬਾਅਦ ਉਨ੍ਹਾਂ ਦੇ ਕ਼ੈਦੀ ਵਾਪਿਸ ਕਰ ਦਿੱਤੇ ਅਤੇ ਸਭ ਨੂੰ ਇਨਾਮ ਨਾਲ਼ ਵੀ ਨਵਾਜ਼ਿਆ।

ਫਿਰ ਸਿਰਿੱਯਾ ਕੁਤਬਾ ਬਿਨ ਆਮਿਰ ਹੈ ਜਿਹੜਾ ਸਿਫ਼ਰ 09 ਹਿਜਰੀ ਵਿੱਚ ਹੋਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ, ਇੱਕ ਰਿਵਾਇਤ ਦੇ ਮੁਤਾਬਿਕ਼, ਉਨ੍ਹਾਂ ਨੂੰ **ਕ਼ਬਾਲਾ** ਜਦਕਿ ਇੱਕ ਰਿਵਾਇਤ ਦੇ ਮੁਤਾਬਿਕ਼ **ਬੀਸ਼ਾ** ਦੇ ਆਲ਼ੇ ਦੁਆਲ਼ੇ ਭੇਜਿਆ ਅਤੇ ਉਨ੍ਹਾਂ ਨੂੰ ਇਹ ਹੁਕਮ ਦਿੱਤਾ ਕਿ ਇੱਕ ਦਮ ਉਨ੍ਹਾਂ ‘ਤੇ ਹਮਲਾ ਕਰਨਾ। ਚੁਨਾਂਚਿ ਮੁਸਲਮਾਨਾਂ ਨੇ ਇੱਕ ਦਮ ਉਨ੍ਹਾਂ ‘ਤੇ ਹਮਲਾ ਕਰ ਦਿੱਤਾ। ਸਖ਼ਤ ਜੰਗ ਹੋਈ ਅਤੇ ਦੋਹੇਂ ਧਿਰ ਬਹੁਤ ਜ਼ਿਆਦਾ ਜ਼ਖ਼ਮੀ ਹੋਏ। ਵਿਰੋਧੀ ਕ਼ਬੀਲੇ ਦੇ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਹਜ਼ਰਤ ਕੁਤਬਾ ਰਜ਼ਿ ਅੱਲਾਹੁ ਅਨਹੁ ਮਾਲਿ ਗ਼ਨੀਮਤ ਵਿੱਚ ਊਠ, ਬੱਕਰੀਆਂ ਅਤੇ ਔਰਤਾਂ ਮਦੀਨੇ ਦੇ ਵੱਲ ਲੈ ਕੇ ਆਏ।

ਫਿਰ ਸਿਰਿੱਯਾ ਜ਼ਿਹਾਕ ਬਿਨ ਸੁਫ਼ਯਾਨ ਕ਼ਿਲਾਬੀ ਰਜ਼ਿ ਅੱਲਾਹੁ ਅਨਹੁ ਦਾ ਜ਼ਿਕਰ ਹੈ। ਇਹ ਰਬੀਉਲ ਅੱਵਲ 09 ਹਿਜਰੀ ਵਿੱਚ ਹੋਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜ਼ਿਹਾਕ ਬਿਨ ਸੁਫ਼ਯਾਨ ਕ਼ਿਲਾਬੀ ਰਜ਼ਿ ਅੱਲਾਹੁ ਅਨਹੁ ਨੂੰ **ਕ਼ਿਰਤਾਅ** ਦੇ ਮੁਕ਼ਾਮ 'ਤੇ ਉਨ੍ਹਾਂ ਦੇ ਆਪਣੇ ਕ਼ਬੀਲੇ ਬਨੂ ਕਿਲਾਬ ਦੇ ਵੱਲ ਭੇਜਿਆ। ਉਨ੍ਹਾਂ ਨੇ ਇਸਲਾਮ ਦਾ ਪੈਗ਼ਾਮ ਪਹੁੰਚਾਇਆ ਪਰ ਕ਼ਬੀਲੇ ਵਾਲਿਆਂ ਨੇ ਇਨਕਾਰ ਕਰ ਦਿੱਤਾ ਅਤੇ ਨੌਬਤ ਲੜਾਈ ਤੱਕ ਪਹੁੰਚ ਗਈ। ਉਨ੍ਹਾਂ ਨੇ ਕ਼ਿਰਤਾਅ ਦੇ ਵਸਨੀਕਾਂ ਨੂੰ ਹਰਾ ਦਿੱਤਾ ਅਤੇ ਮਾਲਿ ਗ਼ਨੀਮਤ ਹਾਸਿਲ ਕੀਤਾ।

ਫਿਰ ਸਿਰਿੱਯਾ ਅਲਕ਼ਮਾ ਬਿਨ ਮੁਹੱਜ਼ਜ਼ ਰਜ਼ਿ ਅੱਲਾਹੁ ਅਨਹੁ, ਜੱਦਾ ਦੇ ਵੱਲ ਦਾ ਜ਼ਿਕਰ ਹੈ। ਇਹ ਸਿਰਿੱਯਾ ਰਬੀਉੱਸਾਨੀ ਅਤੇ ਕੁੱਝ ਰਵਾਇਤਾਂ ਦੇ ਮੁਤਾਬਿਕ਼ ਸਿਫ਼ਰ 09 ਹਿਜਰੀ ਵਿੱਚ ਹੋਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਖ਼ਬਰ ਮਿਲੀ ਕਿ **ਹਬਸ਼ਾ** ਦੇ ਵਸਨੀਕਾਂ ਵਿੱਚੋਂ ਕੁੱਝ ਜੰਗਜੂ ਜੱਦੇ ਦੇ ਸਾਹਿਲ 'ਤੇ ਉਤਰੇ ਹਨ ਜਿਹੜੇ ਕੁੱਝ ਰਿਵਾਇਤਾਂ ਦੇ ਮੁਤਾਬਿਕ਼, ਮੱਕੇ ਦੇ ਵਸਨੀਕਾਂ 'ਤੇ ਡਾਕਾ ਪਾਉਣਾ ਚਾਹੁੰਦੇ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਲਕ਼ਮਾ ਰਜ਼ਿ ਅੱਲਾਹੁ ਅਨਹੁ ਨੂੰ 3 ਵਿਅਕਤੀਆਂ ਦੀ ਕਮਾਨ ਦੇ ਕੇ ਉਨ੍ਹਾਂ ਵੱਲ ਭੇਜਿਆ। ਉਨ੍ਹਾਂ ਨੂੰ ਆਪ ਰਜ਼ਿ ਅੱਲਾਹੁ ਅਨਹੁ ਦੇ ਆਉਣ ਦਾ ਇਲਮ ਹੋਇਆ ਤਾਂ ਉਹ ਲੋਕ ਆਪਣੀਆਂ ਕਸ਼ਤੀਆਂ 'ਤੇ ਸਵਾਰ ਹੋ ਕੇ ਸਮੁੰਦਰ ਵਿੱਚ ਫ਼ਰਾਰ ਹੋ ਗਏ। ਆਪ ਰਜ਼ਿ ਅੱਲਾਹੁ ਅਨਹੁ ਨੇ ਇੱਕ **ਦ੍ਵੀਪ** ਤੱਕ ਉਨ੍ਹਾਂ ਦਾ ਪਿੱਛਾ ਕੀਤਾ।

ਹਜ਼ੂਰ ਅਨਵਰ ਨੇ ਇਸ ਮੁਹਿੰਮ ਦੇ ਇੱਕ ਕ਼ਾਬਿਲਿ ਜ਼ਿਕਰ ਵਾਕ਼ਿਆ ਦਾ ਜ਼ਿਕਰ ਕੀਤਾ ਜਿਸ ਵਿੱਚ ਫ਼ੌਜ ਦੇ ਸਰਦਾਰ ਦੇ ਅੱਗ ਵਿੱਚ ਛਾਲ ਮਾਰਨ ਦਾ ਹੁਕਮ ਦੇਣ ਅਤੇ ਇਸ 'ਤੇ ਕੁੱਝ ਲੋਕਾਂ ਦੇ ਛਾਲ ਮਾਰਨ ਨੂੰ ਤਿਆਰ ਹੋ ਜਾਣ ਅਤੇ ਕੁੱਝ ਦੇ ਇਨਕਾਰ ਕਰਨ ਦਾ ਜ਼ਿਕਰ ਮਿਲ਼ਦਾ ਹੈ। ਜਦ ਇਸ ਗੱਲ ਦਾ ਜ਼ਿਕਰ ਨਬੀ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨਾਲ਼ ਕੀਤਾ ਗਿਆ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਸਖ਼ਤ **ਨਾਰਾਜ਼** ਹੋਏ ਅਤੇ ਫ਼ਰਮਾਇਆ ਕਿ ਜੇਕਰ ਉਹ ਇਸ ਵਿੱਚ ਦਾਖ਼ਿਲ ਹੁੰਦੇ ਤਾਂ **ਕ਼ਿਆਮਤ** ਤੱਕ ਇਸ ਵਿੱਚੋਂ ਨਾ ਨਿਕਲ਼ਦੇ, ਕਿਉਂਕਿ ਆਗਿਆਕਾਰੀ ਤਾਂ **ਮਅਰੂਫ਼** ਗੱਲ ਵਿੱਚ ਹੋਣੀ ਚਾਹੀਦੀ ਹੈ। ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਵੀ ਇਸ ਵਾਕ਼ੇ ਨੂੰ ਬਿਆਨ ਕੀਤਾ ਹੈ ਕਿ ਜਿਹੜੀਆਂ ਗੱਲਾਂ **ਸ਼ਰੀਅਤ** ਦੇ ਖ਼ਿਲਾਫ਼ ਹੋਣ ਉਨ੍ਹਾਂ ਵਿੱਚ ਆਗਿਆਕਾਰੀ ਨਹੀਂ ਹੁੰਦੀ।

ਫਿਰ ਸਿਰਿੱਯਾ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਦਾ ਵੀ ਜ਼ਿਕਰ ਆਉਂਦਾ ਹੈ ਜਿਹੜੀ ਰਬੀਉੱਸਾਈ 09 ਹਿਜਰੀ ਵਿੱਚ ਹੋਇਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਨੂੰ 150 ਅੰਸਾਰ ਦੇ ਨਾਲ਼ ਬਨੂ ਤੈ ਦੇ ਬੁੱਤ **ਫ਼ੁਲ੍ਸ** ਨੂੰ ਢਾਉਣ ਦੇ ਲਈ ਰਵਾਨਾ ਫ਼ਰਮਾਇਆ। ਆਪ ਰਜ਼ਿ ਅੱਲਾਹੁ ਅਨਹੁ ਸਵੇਰ ਦੇ ਵੇਲ਼ੇ ਹਮਲਾਵਰ ਹੋਏ ਅਤੇ ਉਨ੍ਹਾਂ ਦੇ ਬੁੱਤ **ਫ਼ੁਲ੍ਸ** ਨੂੰ ਢਾ ਦਿੱਤਾ। ਬਹੁਤ ਸਾਰੇ ਕ਼ੈਦੀ ਅਤੇ ਮਾਲ ਡੰਗਰ ਕ਼ਬਜ਼ੇ ਵਿੱਚ ਕੀਤੇ। ਮਸ਼ਹੂਰ ਦਾਨੀ **ਹਾਤਿਮ ਤਾਈ** ਦਾ ਇਹ ਕ਼ਬੀਲਾ ਸੀ ਅਤੇ ਕ਼ੈਦੀਆਂ ਵਿੱਚ ਉਸਦੀ ਬੇਟੀ ਸਫ਼ਾਨਾ ਵੀ ਸ਼ਾਮਿਲ ਸੀ। ਉਸਦਾ ਬੇਟਾ ਅਦੀ, ਜਿਹੜਾ ਕ਼ਬੀਲੇ ਦਾ ਸਰਦਾਰ ਸੀ, ਭੱਜ ਗਿਆ ਅਤੇ ਸ਼ਾਮ ਦੇ ਵੱਲ ਨਿਕਲ਼ ਗਿਆ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਾਤਿਮ ਦੀ ਬੇਟੀ ਸਫ਼ਾਨਾ ਨੂੰ ਉਸਦੇ ਵਾਰ ਵਾਰ ਕਹਿਣ 'ਤੇ ਆਜ਼ਾਦ ਕਰ ਦਿੱਤਾ। ਉਹ ਆਜ਼ਾਦੀ ਦੇ ਬਾਅਦ ਫ਼ੌਰਨ ਮੁਸਲਮਾਨ ਹੋ ਗਈ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਇਜਾਜ਼ਤ ਨਾਲ਼ ਉਹ ਆਪਣੇ ਭਰਾ ਅਦੀ ਦੇ ਕੋਲ਼ ਸ਼ਾਮ ਪਹੁੰਚ ਗਈ। ਉਸਨੇ ਆਪਣੇ ਭਰਾ ਨੂੰ ਜਿੰਨੀ ਛੇਤੀ ਹੋ ਸਕੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਮਦੀਨੇ ਜਾਣ 'ਤੇ ਰਾਜ਼ੀ ਕੀਤਾ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਅਦੀ ਦੇ ਧਰਮ ਅਤੇ ਉਨ੍ਹਾਂ ਦੇ ਨਿਜੀ ਮਾਮਲਿਆਂ ਬਾਰੇ ਕੁੱਝ ਗੱਲਾਂ ਬਿਆਨ ਕੀਤੀਆਂ ਜਿਨ੍ਹਾਂ ਵਿੱਚੋਂ ਕੁੱਝ ਗੱਲਾਂ ਅਜਿਹੀਆਂ ਸਨ ਕਿ ਸਿਵਾਏ ਅਦੀ ਦੇ ਕਿਸੇ ਨੂੰ ਪਤਾ ਨਹੀਂ ਸਨ। ਅਦੀ ਕਹਿੰਦੇ ਹਨ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਖ਼ੁਸ਼ ਅਖ਼ਲਾਕ਼ੀ** ਅਤੇ ਇਨ੍ਹਾਂ ਸਾਰੀਆਂ ਗੱਲਾਂ ਨੂੰ ਦੇਖ ਕੇ ਮੈਂ ਮੁਸਲਮਾਨ ਹੋ ਗਿਆ। ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ ਦੀ ਇਸ ਮੁਹਿੰਮ ਦੇ ਕੁੱਝ ਦੇਰ ਬਾਅਦ ਤੈ ਕ਼ਬੀਲੇ ਦਾ ਗਿਰੋਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਹਾਜ਼ਿਰ ਹੋਇਆ ਅਤੇ ਉਨ੍ਹਾਂ ਨੇ ਇਸਲਾਮ ਕ਼ਬੂਲ ਕਰ ਲਿਆ।

ਫਿਰ ਸਿਰੱਿਯਾ ਉੱਕਾਸ਼ਾ ਬਿਨ ਮਿਹਸਨ ਰਜ਼ਿ ਅੱਲਾਹੁ ਅਨਹੁ ਦਾ ਜ਼ਿਕਰ ਹੈ ਜਿਹੜਾ ਜਨਾਬ ਦੇ ਵੱਲ ਰਬੀਉਸਾਨੀ 09 ਹਿਜਰੀ ਵਿੱਚ ਹੋਇਆ। ਇਸ ਸਿਰੱਿਯਾ ਦੀ ਹੋਰ ਤਫ਼ਸੀਲਾਂ ਜ਼ਿਆਦਾ ਬਿਆਨ ਨਹੀਂ ਹੋਈਆਂ, ਬਸ ਇੰਨਾ ਹੀ ਜ਼ਿਕਰ ਹੈ ਕਿ ਇਹ ਸਿਰੱਿਯਾ ਹੋਇਆ ਸੀ।

ਹਜ਼ੂਰ ਅਨਵਰ ਨੇ ਗ਼ਜ਼ਵਾ **ਤਬੂਕ** ਦੇ ਬਾਰੇ ਕੁੱਝ ਸ਼ੁਰੂਆਤੀ ਗੱਲਾਂ ਪੇਸ਼ ਕੀਤੀਆਂ ਜਿਹੜਾ ਰਜਬ 09 ਹਿਜਰੀ ਬ-ਮੁਤਾਬਿਕ਼ ਸਿਤੰਬਰ 630 ਈ: ਵਿੱਚ ਹੋਇਆ। ਇਹ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਮੁਬਾਰਕ ਜ਼ਿੰਦਗੀ ਦਾ ਆਖ਼ਰੀ ਗ਼ਜ਼ਵਾ ਸੀ। ਤਬੂਕ ਨਾਮ ਦੇ **ਚਸ਼ਮੇ** 'ਤੇ ਠਹਿਰਣ ਦੀ ਵਜ੍ਹਾ ਨਾਲ਼ ਇਸ ਗ਼ਜ਼ਵੇ ਨੂੰ ਗ਼ਜ਼ਵਾ ਤਬੂਕ ਕਿਹਾ ਜਾਂਦਾ ਹੈ। ਕ਼ੁਰਆਨ ਕਰੀਮ ਵਿੱਚ ਗ਼ਜ਼ਵਾ ਤਬੂਕ ਦਾ ਜ਼ਿਕਰ **ਸਾਅਤੁਲ ਉਸ੍ਰ** ਯਾਨੀ **ਤਕਲੀਫ਼ ਦੀ ਘੜੀ** ਦੇ ਨਾਮ ਨਾਲ਼ ਕੀਤਾ ਗਿਆ ਹੈ ਕਿਉਂਕਿ ਮੁਸਲਮਾਨਾਂ ਨੂੰ ਇਸ ਵਿੱਚ ਬਹੁਤ ਦੁਸ਼ਵਾਰੀ ਅਤੇ ਤੰਗੀ ਦਾ ਸਾਹਮਣਾ ਕਰਨਾ ਪਿਆ ਸੀ। ਗ਼ਜ਼ਵਾ ਤਬੂਕ ਦਾ ਬੁਨਿਆਦੀ ਕਾਰਨ ਇਹੀ ਪਤਾ ਲੱਗਦਾ ਹੈ ਕਿ ਫ਼ਤਹਿ ਮੱਕਾ, ਬਨੂ ਹਵਾਜ਼ਨ ਵਰਗੇ ਤਾਕ਼ਤਵਰ ਤਰੀਨ ਕ਼ਬੀਲੇ ਦੀ ਹਾਰ ਅਤੇ ਅਰਬ ਦੇ ਆਲ਼ੇ ਦੁਆਲ਼ੇ ਦੇ ਸਾਰੇ ਕ਼ਬੀਲਿਆਂ 'ਤੇ ਮੁਸਲਮਾਨਾਂ ਨੂੰ ਜਿੱਤ ਮਿਲਣ ਨਾਲ਼ **ਯਹੂਦੀਆਂ** ਅਤੇ **ਇਸਾਈਆਂ** ਅਤੇ **ਮੁਨਾਫ਼ਿਕ਼ਾਂ** ਨੇ ਆਪਣੀ ਹਰ ਕੋਸ਼ਿਸ਼ ਨੂੰ ਨਾਕਾਮ ਹੁੰਦੇ ਹੋਏ ਦੇਖ ਕੇ, ਇੱਕ ਪਾਸੇ ਉਸ ਵੇਲ਼ੇ ਦੀ ਸੁਪਰ ਪਾਵਰ ਯਾਨੀ ਕ਼ੈਸਰਿ ਰੋਮ ਨੂੰ ਤਿਆਰ ਕੀਤਾ ਕਿ ਆਪਣੀ ਫ਼ੌਜ ਭੇਜੇ ਤਾਂ ਜੋ ਮੁਸਲਮਾਨਾਂ ਦਾ **ਕ਼ਲ੍ਹਾ ਕ਼ਮ੍ਹਾ** ਕੀਤਾ ਜਾਵੇ ਅਤੇ ਦੂਜੇ ਪਾਸੇ ਮੁਨਾਫ਼ਿਕ਼ਾਂ ਨੇ ਮਦੀਨੇ ਵਿੱਚ ਇਹ ਅਫ਼ਵਾਹਾਂ ਉਡਾਉਣੀਆਂ ਸ਼ੁਰੂ ਕਰ ਦਿੱਤੀਆਂ ਕਿ ਕ਼ੈਸਰਿ ਰੋਮ ਆਪਣੀ ਫ਼ੌਜ ਭੇਜ ਰਿਹਾ ਹੈ, ਜਿਹੜੀ ਮਦੀਨੇ ਵਿੱਚ ਮੁਹੰਮਦ (ਸੱਲ-ਲੱਲਾਹੁ ਅਲੈਹਿ-ਵਸੱਲਮ) ਸਮੇਤ ਤਮਾਮ ਮੁਸਲਮਾਨਾਂ ਦਾ **ਕ਼ਲ੍ਹਾ ਕ਼ਮ੍ਹਾ** ਕਰ ਦੇਵੇਗੀ। ਇਸ ਤਰ੍ਹਾਂ ਮੁਨਾਫ਼ਿਕ਼ਾਂ ਅਤੇ ਦੂਸਰੇ ਵਿਰੋਧੀਆਂ ਦੀ ਖ਼ਾਹਿਸ਼ ਸੀ ਕਿ ਜ਼ਿਆਦਾ ਮੁਕਿਨ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪ ਹੀ ਫ਼ੌਜ ਦਾ ਮੁਕ਼ਾਬਲਾ ਕਰਨ ਲਈ ਮਦੀਨੇ ਤੋਂ ਸ਼ਾਮ ਵੱਲ ਨਿਕਲ ਜਾਣਗੇ ਅਤੇ ਦੋਹਾਂ ਸੂਰਤਾਂ ਵਿੱਚ ਸਫ਼ਰ ਦੀਆਂ ਮੁਸ਼ਕਿਲਾਂ ਜਾਂ ਕ਼ੈਸਰਿ ਰੋਮ ਦਾ ਮੁਕ਼ਾਬਲਾ ਮੁਸਲਮਾਨਾਂ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਹਲਾਕਤ ਨੂੰ ਨਊਜ਼ੁਬਿੱਲਾਹ نعوذباللہ ਯਕ਼ੀਨੀ ਬਣਾ ਦੇਵੇਗਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਇਸ ਦੀ ਹੁਣ ਹੋਰ ਲੰਮੀ ਤਫ਼ਸੀਲ ਹੈ ਜਿਹੜੀ ਇੰਸ਼ਾ ਅੱਲਾਹ ਆਇੰਦਾ ਬਿਆਨ ਕਰਾਂਗਾ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਜ **ਮਸਜਿਦ ਮਹਦੀ** ਜਿਹੜੀ ਗੋਲ ਬਾਜ਼ਾਰ **ਰਬਵਾ** ਵਿੱਚ ਹੈ, ਉਸ 'ਤੇ ਦਹਿਸ਼ਤਗਰਦਾਂ ਨੇ ਹਮਲਾ ਕੀਤਾ ਅਤੇ ਸਾਡੇ ਪੰਜ ਛੇ ਲੋਕ ਜ਼ਖ਼ਮੀ ਹਨ। ਦੋ ਬਹੁਤ ਜ਼ਿਆਦਾ ਜ਼ਖ਼ਮੀ ਹਨ, ਉਨ੍ਹਾਂ ਦੇ ਢਿੱਡ ਵਿੱਚ **ਗੋਲ਼ੀਆਂ** ਲੱਗੀਆਂ ਹਨ। ਉਨ੍ਹਾਂ ਦਾ ਅੱਪ੍ਰੇਸ਼ਨ ਵਗ਼ੈਰਾ ਵੀ ਹੋ ਰਿਹਾ ਹੈ। ਅੱਲਾਹ ਤਆਲਾ ਕਰੇ ਕਿ ਉਨ੍ਹਾਂ ਦੀ ਹਾਲਤ ਬਿਹਤਰ ਹੋ ਗਈ ਹੋਵੇ। ਬਾਕ਼ੀ ਜ਼ਖ਼ਮੀਆਂ 'ਤੇ ਵੀ ਅੱਲਾਹ ਤਆਲਾ **ਫ਼ਜ਼ਲ** ਫ਼ਰਮਾਵੇ। ਇੱਕ ਦਹਿਸ਼ਤਗਰਦ ਨੂੰ ਵੀ ਸਾਡੇ ਸਿਕਿਉਰਟੀ ਵਾਲਿਆਂ ਨੇ ਮਾਰ ਦਿੱਤਾ ਹੈ ਅਤੇ ਇੱਕ ਦੌੜ ਗਿਆ ਹੈ। ਅੱਲਾਹ ਤਆਲਾ ਇਨ੍ਹਾਂ ਦਹਿਸ਼ਤਗਰਦਾਂ ਅਤੇ ਕ਼ਾਨੂੰਨ ਤੋੜਨ ਵਾਲਿਆਂ ਅਤੇ ਜਮਾਅਤ ਦੇ **ਵਿਰੋਧੀਆਂ** ਨੂੰ ਛੇਤੀ ਫੜੇ। ਪੰਜਾਬ ਦੀ ਮੁੱਖ ਮੰਤਰੀ ਅਤੇ ਹਕੂਮਤ ਇਹ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ 100 ਫ਼ੀਸਦ ਜੁਰਮ ਕੰਟਰੋਲ ਹੋ ਚੁੱਕੇ ਹਨ ਅਤੇ ਹੁਣ ਕੋਈ **ਮੁਜਰਿਮ** ਨਹੀਂ ਰਿਹਾ, ਪਰ ਅਹਮਦੀਆਂ 'ਤੇ ਜਿਹੜੇ ਆਏ ਦਿਨ ਹਮਲੇ ਹੁੰਦੇ ਹਨ, ਕ਼ਤਲ, ਸ਼ਹੀਦ ਕੀਤੇ ਜਾ ਰਹੇ ਹਨ ਜਾਂ ਜ਼ਖ਼ਮੀ ਕੀਤੇ ਜਾ ਰਹੇ ਹਨ, ਉਨ੍ਹਾਂ ਦੇ ਮਾਲਾਂ ਨੂੰ ਅੱਗਾਂ ਲਾਈਆਂ ਜਾ ਰਹੀਆਂ ਹਨ, ਇਸ ਨੂੰ ਸ਼ਾਇਦ ਜੁਰਮ ਸਮਝਦੇ ਹੀ ਨਹੀਂ ਹਨ। ਅੱਲਾਹ ਤਆਲਾ ਇਨ੍ਹਾਂ ਹਕੂਮਤਾਂ ਨੂੰ ਵੀ **ਅਕ਼ਲ** ਦੇਵੇ ਅਤੇ ਛੇਤੀ ਹੀ ਅੱਲਾਹ ਤਆਲਾ ਜਮਾਅਤ ਦੇ ਹੱਕ ਵਿੱਚ **ਨਿਸ਼ਾਨ** ਜ਼ਾਹਿਰ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞